ਖ਼ਬਰਾਂ ਦੀ ਰਿਲੀਜ਼

# ਨਸਲਵਾਦ ਦਾ ਮੁਕਾਬਲਾ ਕਰਨ ਲਈ ਇੱਕ ਨਵਾਂ ਰੋਡ ਮੈਪ

18 ਜੁਲਾਈ, 2022

## ਨਸਲਵਾਦ ਨੂੰ ਹੱਲ ਕਰਨ ਲਈ ਸਾਰਥਕ ਕਾਰਵਾਈ ਕਰਨ ਲਈ ਇੱਕ ਨਵੀਂ ਯੋਜਨਾ ਸਾਰੇ ਅਲਬਰਟਾ ਵਾਸੀਆਂ ਲਈ ਇੱਕ ਵਧੇਰੇ ਸੁਆਗਤੀ ਅਤੇ ਸੰਮਲਿਤ ਸੂਬਾ ਬਣਾਉਣ ਵਿੱਚ ਮਦਦ ਕਰੇਗੀ।

ਅਲਬਰਟਾ ਦੀ ਨਸਲਵਾਦ ਵਿਰੋਧੀ ਕਾਰਵਾਈ ਯੋਜਨਾ ਨਸਲਵਾਦ ਨਾਲ ਨਜਿੱਠਣ ਵਿੱਚ ਮੋਹਰੀ ਭੂਮਿਕਾ ਨਿਭਾਉਣ ਦੀ ਅਲਬਰਟਾ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਯੋਜਨਾ ਉਹਨਾਂ ਕਾਰਵਾਈਆਂ ਦੀ ਰੂਪਰੇਖਾ ਦੱਸਦੀ ਹੈ ਜੋ ਅਲਬਰਟਾ ਵਾਸੀਆਂ ਨੂੰ ਵਿਭਿੰਨਤਾ ਦੇ ਮਹੱਤਵ ਬਾਰੇ ਸਿੱਖਿਅਤ ਕਰਨ, ਸਰਕਾਰੀ ਪ੍ਰੋਗਰਾਮਾਂ ਅਤੇ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਆਉਂਦੀਆਂ ਪ੍ਰਣਾਲੀਗਤ ਰੁਕਾਵਟਾਂ ਨੂੰ ਦੂਰ ਕਰਨ, ਅਤੇ ਅਲਬਰਟਾ ਵਾਸੀਆਂ ਦੀ ਜਾਣਕਾਰੀ, ਸਰੋਤਾਂ, ਸੇਵਾਵਾਂ ਅਤੇ ਮੌਕਿਆਂ ਤੱਕ ਬਰਾਬਰ ਪਹੁੰਚ ਯਕੀਨੀ ਬਣਾਉਣ ਵਿੱਚ ਮਦਦ ਕਰੇਗੀ।

"ਪਿਛਲੇ ਤਿੰਨ ਸਾਲਾਂ ਵਿੱਚ, ਅਲਬਰਟਾ ਦੀ ਸਰਕਾਰ ਨੇ ਨਸਲਵਾਦ ਨਾਲ ਨਜਿੱਠਣ ਦਾ ਇੱਕ ਸਾਬਤ ਕੀਤਾ ਟਰੈਕ ਰਿਕਾਰਡ ਦਿਖਾਇਆ ਹੈ, ਪਰ ਨਸਲਵਾਦ, ਵਿਤਕਰੇ ਅਤੇ ਪ੍ਰਣਾਲੀਗਤ ਨਸਲਵਾਦ ਦੇ ਸਾਰੇ ਰੂਪਾਂ ਨੂੰ ਇੱਕ ਵਾਰ ਅਤੇ ਹਮੇਸ਼ਾ ਲਈ ਖਤਮ ਕਰਨ ਲਈ ਅਜੇ ਵੀ ਬਹੁਤ ਕੁਝ ਕਰਨਾ ਬਾਕੀ ਹੈ। ਇਹ ਕਾਰਵਾਈ ਯੋਜਨਾ ਸਾਡੇ ਸੂਬੇ ਲਈ ਨਸਲਵਾਦ ਦਾ ਟਾਕਰਾ ਕਰਨ ਅਤੇ ਇਸਨੂੰ ਖਤਮ ਕਰਨ ਲਈ ਕਦਮ ਚੁੱਕਣ ਲਈ ਇੱਕ ਰੋਡ ਮੈਪ ਵਜੋਂ ਕੰਮ ਕਰਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਲਬਰਟਾ ਹਰ ਕਿਸੇ ਲਈ ਇੱਕ ਆਜ਼ਾਦ, ਨਿਰਪੱਖ ਅਤੇ ਖੁਸ਼ਹਾਲ ਸਥਾਨ ਹੈ।"

*Kaycee Madu, ਲੇਬਰ ਅਤੇ ਇਮੀਗ੍ਰੇਸ਼ਨ ਮੰਤਰੀ*

ਯੋਜਨਾ ਦੇ ਹਿੱਸੇ ਵਜੋਂ, ਅਲਬਰਟਾ ਦੀ ਸਰਕਾਰ ਕਮਜ਼ੋਰ ਸਮੂਹਾਂ ਨੂੰ ਨਫ਼ਰਤ ਅਤੇ ਵਿਤਕਰੇ ਤੋਂ ਬਚਾਉਣ ਲਈ ਕਦਮ ਚੁੱਕੇਗੀ, ਅਤੇ ਸਮਾਜਿਕ ਸ਼ਮੂਲੀਅਤ, ਵਿਭਿੰਨਤਾ ਅਤੇ ਬਹੁ-ਸੱਭਿਆਚਾਰਵਾਦ ਨੂੰ ਉਤਸ਼ਾਹਿਤ ਕਰਨ ਅਤੇ ਸਮਾਜਿਕ ਏਕਤਾ ਪੈਦਾ ਕਰਨ ਲਈ ਭਾਈਚਾਰਿਆਂ ਨੂੰ ਸ਼ਕਤੀ ਪ੍ਰਦਾਨ ਕਰੇਗੀ।

ਇਹ ਕਾਰਵਾਈਆਂ Alberta Anti-Racism Advisory Council ਤੋਂ ਪ੍ਰਾਪਤ ਸਿਫ਼ਾਰਸ਼ਾਂ ਅਤੇ ਅਲਬਰਟਾ ਭਰ ਦੇ ਉਨ੍ਹਾਂਕਮਿਊਨਿਟੀ ਗਰੁੱਪਾਂ ਤੋਂ ਪ੍ਰਾਪਤ ਫੀਡਬੈਕ ਉੱਪਰ ਆਧਾਰਿਤ ਹਨ ਜੋ ਨਸਲਵਾਦ ਨੂੰ ਹੱਲ ਕਰਨ ਲਈ ਕੰਮ ਕਰ ਰਹੇ ਹਨ।

"ਮੈਂ Alberta Anti-Racism Advisory Council ਅਤੇ ਕਮਿਊਨਿਟੀ ਗਰੁੱਪਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਨਸਲਵਾਦ ਦਾ ਮੁਕਾਬਲਾ ਕਰਨ ਲਈ ਆਪਣੀ ਚਲੰਤ ਵਚਨਬੱਧਤਾ ਲਈ ਸਲਾਹ ਪ੍ਰਦਾਨ ਕੀਤੀ। ਨਸਲ ਦੇ ਆਧਾਰ 'ਤੇ ਵੱਖਰੇ ਵਾਸੀ ਅਤੇ ਮੂਲ ਵਾਸੀ ਵਿਅਕਤੀ, ਸਾਰੇ ਅਲਬਰਟਨਾਂ ਵਾਂਗ, ਸਾਡੇ ਸੂਬੇ ਦੀ ਖੁਸ਼ਹਾਲੀ ਲਈ ਮਹੱਤਵਪੂਰਨ ਹਨ, ਅਤੇ ਇਹਨਾਂ ਕਾਰਵਾਈਆਂ ਰਾਹੀਂ, ਅਸੀਂ ਉਹਨਾਂ ਦੇ ਸ਼ਕਤੀਕਰਨ ਅਤੇ ਉਹਨਾਂ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਵਿੱਚ ਮਦਦ ਕਰਨ ਲਈ ਮਿਲ ਕੇ ਕੰਮ ਕਰ ਸਕਦੇ ਹਾਂ।"

*Muhammad Yaseen, ਇਮੀਗ੍ਰੇਸ਼ਨ ਅਤੇ ਮਲਟੀਕਲਚਰਲਿਜ਼ਮ ਦੇ ਐਸੋਸੀਏਟ ਮੰਤਰੀ*

ਯੋਜਨਾ ਵਿੱਚ ਦੱਸੀਆਂ ਗਈਆਂ ਕਾਰਵਾਈਆਂ ਨੂੰ ਪੰਜ ਥੀਮਾਂ ਦੇ ਅਧੀਨ ਸਮੂਹਬੱਧ ਕੀਤਾ ਗਿਆ ਹੈ, ਜੋ ਕਿ ਉਨ੍ਹਾਂ ਵਿਆਪਕ ਖੇਤਰਾਂ ਨੂੰ ਉਜਾਗਰ ਕਰਦੀਆਂ ਹਨ ਜਿਨ੍ਹਾਂ ਉੱਤੇ ਅਲਬਰਟਾ ਦੀ ਸਰਕਾਰ ਇੱਕ ਵਧੇਰੇ ਬਰਾਬਰੀ ਵਾਲੇ ਅਤੇ ਸਮਾਵੇਸ਼ੀ ਸਮਾਜ ਦੇ ਨਿਰਮਾਣ ਵੱਲ ਤਰੱਕੀ ਕਰਨ ਦੀ ਯੋਜਨਾ ਬਣਾ ਰਹੀ ਹੈ। ਇਹਨਾਂ ਵਿਸ਼ਿਆਂ ਵਿੱਚ ਸ਼ਾਮਲ ਹਨ: ਜਨਤਕ ਸਿੱਖਿਆ ਅਤੇ ਸੱਭਿਆਚਾਰਕ ਜਾਗਰੂਕਤਾ; ਪ੍ਰਣਾਲੀਗਤ ਸੁਧਾਰਾਂ ਲਈ ਇੱਕ ਉਤਪ੍ਰੇਰਕ ਵਜੋਂ ਸਰਕਾਰ; ਭਾਈਚਾਰਿਆਂ ਨੂੰ ਸਸ਼ਕਤ ਬਣਾਉਣਾ; ਨਫ਼ਰਤ ਦੀਆਂ ਘਟਨਾਵਾਂ ਅਤੇ ਅਪਰਾਧਾਂ ਦਾ ਜਵਾਬ ਦੇਣਾ; ਅਤੇ ਡਾਟਾ ਅਤੇ ਮਾਪ।

ਇਹ ਯਕੀਨੀ ਬਣਾਉਣ ਲਈ ਕਿ ਸਰਕਾਰੀ ਕਾਰਵਾਈਆਂ ਪ੍ਰਭਾਵਸ਼ਾਲੀ ਹਨ, ਯੋਜਨਾ ਵਿੱਚ ਪ੍ਰਗਤੀ ਨੂੰ ਮਾਪਣ ਲਈ ਕਦਮ ਸ਼ਾਮਲ ਹਨ। ਅਲਬਰਟਾ ਸਰਕਾਰ Anti-Racism Advisory Council ਤੋਂ ਇਨਪੁਟ ਪ੍ਰਾਪਤ ਕਰਨਾ ਜਾਰੀ ਰੱਖੇਗੀ ਅਤੇ ਪ੍ਰਣਾਲੀਗਤ ਚੁਣੌਤੀਆਂ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਅਤੇ ਭਵਿੱਖ ਵਿੱਚ ਉਹਨਾਂ ਨੂੰ ਕਿਵੇਂ ਹੱਲ ਕੀਤਾ ਜਾ ਸਕਦਾ ਹੈ, ਨਸਲ ਦੇ ਆਧਾਰ 'ਤੇ ਵੱਖਰੇ ਅਤੇ ਮੂਲ ਵਾਸੀ ਭਾਈਚਾਰਿਆਂ ਨਾਲ ਮਿਲ ਕੇ ਕੰਮ ਕਰੇਗੀ।

# ਤਰੁੰਤ ਸਮਝਣਯੋਗ ਤੱਥ

- Alberta Anti-Racism Advisory Council ਦੀ ਸਥਾਪਨਾ ਅਲਬਰਟਾ ਸਰਕਾਰ ਨੂੰ ਨਸਲਵਾਦ ਦਾ ਮੁਕਾਬਲਾ ਕਰਨ ਅਤੇ ਅਲਬਰਟਾ ਵਿੱਚ ਵਧੇਰੇ ਸਮਾਵੇਸ਼ੀ ਅਤੇ ਸਵੀਕਾਰ ਕਰਨ ਵਾਲੇ ਭਾਈਚਾਰਿਆਂ ਨੂੰ ਉਤਸ਼ਾਹਿਤ ਕਰਨ ਦੀਆਂ ਕੋਸ਼ਿਸ਼ਾਂ ਬਾਰੇ ਸਲਾਹ ਪ੍ਰਦਾਨ ਕਰਨ ਲਈ ਕੀਤੀ ਗਈ ਸੀ।
- ਅਲਬਰਟਾ ਸਰਕਾਰ ਨੇ ਨਸਲਵਾਦ ਵਿਰੋਧੀ ਕਈ ਪਹਿਲਕਦਮੀਆਂ 'ਤੇ ਕੰਮ ਸ਼ੁਰੂ ਕਰ ਦਿੱਤਾ ਹੈ, ਜਿਸ ਵਿੱਚ ਸ਼ਾਮਲ ਹਨ:
    - ਇੱਕ ਨਫ਼ਰਤੀ ਅਪਰਾਧ ਸੰਬੰਧੀ ਸੰਪਰਕ ਅਤੇ ਇੱਕ Hate Crimes Coordination Unit ਸਥਾਪਤ ਕਰਨਾ
    - *ਪੁਲਿਸ ਐਕਟ* ਦੇ ਤਹਿਤ ਰਸਮੀ ਤੌਰ 'ਤੇ First Nations ਪੁਲਿਸਿੰਗ ਨੂੰ ਮਾਨਤਾ ਦੇਣਾ
    - ਕਾਰਡਿੰਗ ਦੇ ਅਭਿਆਸ 'ਤੇ ਪਾਬੰਦੀ
    - Alberta Security Infrastructure Program ਪੇਸ਼ ਕਰਨਾ
    - *Fair Registrations Practices Act* ਨੂੰ ਲਾਗੂ ਕਰਨਾ ਅਤੇ ਨਵੇਂ ਅਲਬਰਟਾ ਵਾਸੀਆਂ ਨੂੰ ਉਨ੍ਹਾਂ ਦੀਆਂ ਯੋਗਤਾਵਾਂ ਨੂੰ ਮਾਨਤਾ ਦਿਵਾਉਣ ਵਿੱਚ ਮਦਦ ਕਰਨ ਲਈ Fairness for Newcomers Office ਬਣਾਉਣਾ
    - ਸਰਕਾਰ ਲਈ ਇੱਕ ਸਮਾਵੇਸ਼ੀ ਸੰਚਾਰ ਨੀਤੀ ਵਿਕਸਿਤ ਕਰਨਾ

# ਸੰਬੰਧਿਤ ਜਾਣਕਾਰੀ

- Alberta’s Anti-Racism Action Plan
- Alberta Anti-Racism Advisory Council